# ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦੀ 137ਵੀਂ ਵਰ੍ਹੇ-ਗੰਢ

ਜਨਵਰੀ 4, 2006 ਨੂੰ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦੀ 137 ਵੀਂ ਵਰ੍ਹੇ-ਗੰਢ ਉਨ੍ਹਾਂ ਦੇ ਪਿੰਡ ਭਕਨਾ, ਜ਼ਿਲ੍ਹਾ ਅਮ੍ਰਿਤਸਰ ਵਿਚ ਮਨਾਈ ਗਈ। ਪਿੰਡ ਦੇ ਲੋਕਾਂ ਨੇ ਬਹੁਤ ਉਤਸ਼ਾਹ ਨਾਲ ਉਨ੍ਹਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੀ ਜ਼ਿੰਦਗੀ ਅਤੇ ਕੰਮ ਨੂੰ ਸ਼ਰਧਾਂਜਲੀ ਭੇਂਟ ਕੀਤੀ। ਬਾਬਾ ਸੋਹਣ ਸਿੰਘ ਭਕਨਾ ਅਮਰੀਕਾ ਵਿਚ ਇਨਕਲਾਬੀਆਂ ਵਲੋਂ ਬਣਾਈ ਹਿੰਦੁਸਤਾਨੀ ਗਦਰ ਪਾਰਟੀ ਦੇ ਬਾਨੀ ਅਤੇ ਪਹਿਲੇ ਪ੍ਰਧਾਨ ਸੀ। ਉਨ੍ਹਾਂ ਨੇ ਅਤੇ ਗਦਰ ਪਾਰਟੀ ਨੇ ਸਾਮਰਾਜੀ ਜੂਲੇ ਹੇਠੋਂ ਹਿੰਦੁਸਤਾਨ ਦੇ ਲੋਕਾਂ ਦੀ ਮੁਕਤੀ ਲਈ ਬੇਹਦ ਕੁਰਬਾਨੀਆਂ ਕੀਤੀਆਂ। ਉਹ ਇਕ ਨਵੀਂ ਉਸਾਰੀ ਕਰਕੇ ਹਿੰਦੁਸਤਾਨ ਦੇ ਲੋਕਾਂ ਨੂੰ ਸੁਖੀ ਅਤੇ ਖ਼ੁਸ਼ਹਾਲ ਦੇਖਣਾ ਚਾਹੁੰਦੇ ਸੀ। ਉਹ ਹਿੰਦੁਸਤਾਨ ਵਿਚ ਪਰਜਾ ਰਾਜ ਕਾਇਮ ਕਰਕੇ ਲੋਕਾਂ ਨੂੰ ਹਾਕਮ ਬਣਾਉਣਾ ਚਾਹੁੰਦੇ ਸੀ।

*ਹਿੰਦੁਸਤਾਨ ਚੋਂ ਕੱਢ ਫਰੰਗੀਆਂ ਨੂੰ ਪਰਜਾ ਰਾਜ ਦੀ ਜੜ੍ਹ ਲਗਾਵਣੇ ਨੂੰ*
*ਰਾਜ ਪੰਚੈਤੀ ਕਾਇਮ ਕਰੀਏ ਬਾਦਸ਼ਾਹਾਂ ਦੀ ਅਲਖ ਮੁਕਾ ਦੇਈਏ।*

*ਨਵਾਂ ਰੂਪ ਰਚਾਂ ਹਿੰਦ ਦੇ ਸਮਾਜ ਦਾ ਤੁਖਮ ਉਡਾਉਣਾ ਜ਼ਾਲਮਾਂ ਦੇ ਰਾਜ ਦਾ।*
*ਪਿਛੋਂ ਗਦਰ ਦੇ ਮਾਮਲਾ ਮਾਫ਼ ਸਭ ਨੂੰ ਖੇਤੀ ਕਰਾਂਗੇ ਮੌਜ ਬਹਾਰ ਵਾਲੀ।*

*ਵਿਦਿਆ ਬਥੇਰੀ ਵਧ ਜਾਏਗੀ ਆਜ਼ਾਦ ਹੋਇਆਂ ਕਿਸੇ ਦੀ ਨਾ ਮਜਾਲ ਸਾਨੂੰ ਅਟਕਾਣ ਦੀ।*
*ਵੱਸੇ ਰਸੇ ਹੱਸੇਗਾ ਤਾਂ ਸਾਰਾ ਹੀ ਆਜ਼ਾਦ ਹਿੰਦ ਹੌਲੀ ਜਦੋਂ ਹੋਈ ਪੰਡ ਟੈਕਸ ਲਗਾਨ ਦੀ।*

*ਹੋਵੇਗੀ ਤਰੱਕੀ ਪਿਛੋਂ ਬਹੁਤ ਹੀ ਸੁਖਾਲੀ ਸਾਡੀ ਕਰ ਲੌ ਤਿਆਰੀ ਪਹਿਲਾਂ ਗਦਰ ਮਚਾਣ ਦੀ।*
*ਮੂਰਖ ਨਾ ਕੋਈ ਹੋਵੇ, ਸਭੇ ਵਿਦਵਾਨ ਹੋਣ ਸਭੇ ਧਨਵਾਨ ਲੋੜ ਕਿਸੇ ਨਾ ਚੁਰਾਣ ਦੀ।*

ਹਿੰਦੁਸਤਾਨ ਦੀ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਜੁੰਡੀਦਾਰਾਂ ਵਲੋਂ ਕੀਤੀ ਜਾ ਰਹੀ ਲੁੱਟ ਬਾਰੇ ਉਨ੍ਹਾਂ ਦਾ ਦਸਿਆ ਹੋਇਆ ਅੱਜ ਦੇ ਲਿਬਰਲਾਈਜ਼ੇਸ਼ਨ ਅਤੇ ਨਿਜੀਕਰਣ ਦੇ ਦੌਰ ਵਿਚ ਵੀ ਪੂਰਾ ਢੁੱਕਦਾ ਹੈ

*ਹਿੰਦ ਦਾ ਵਪਾਰ ਕਾਰ ਰੋੜਿਆ ਜਹਾਨ ਉਤੋਂ ਆਪਣਾ ਵਪਾਰ ਅਸਮਾਨ ਤੇ ਚੜਾ ਲਿਆ*
*ਘੱਟ ਨਾ ਗੁਜ਼ਾਰੀ ਮਾਰ ਧਾੜ ਕੀਤੀ ਹਿੰਦ ਵਿਚ ਉਹਲੇ ਉਹਲੇ ਧਨ ਇੰਗਲੈਂਡ ਨੂੰ ਪੁਚਾ ਲਿਆ*

*ਵਧਾਏ ਨੇ ਲਗਾਨ, ਕੀਤੇ ਟੈਕਸ ਵੀ ਭਾਰੇ ਨੇ ਜ਼ਿਮੀਂਦਾਰ ਸਾਰੇ ਭਰਦੇ ਭਰਦੇ ਹੀ ਹਾਰੇ ਨੇ*
*ਕਰੋੜਾਂ ਹੀ ਗਏ ਮੂੰਹ ਹੈਜ਼ੇ ਅਤੇ ਕਾਲ ਦੇ, ਦੂਜੀ ਹੈ ਪਲੇਗ ਆਈ ਸਾਡੇ ਹੀ ਵਾਸਤੇ*

*ਕੋਈ ਚੀਜ਼ ਬਿਨਾਂ ਨਾ ਮਸੂਲ ਛਡਦੇ, ਹੋਲੀ ਹੋਲੀ ਇੰਡੀਆ ਦੀ ਜੜ੍ਹ ਵੱਢਦੇ*
*ਅਰਬਾਂ ਦੇ ਲੇਖੇ ਪੈਸਾ ਹੈ ਲਜਾਂਵਦੇ, ਥੋੜਾ ਸਾ ਖ਼ਰਚ ਇੰਡੀਆ ਲਾਂਵਦੇ*

*ਦੇਸ਼ ਲੁੱਟ ਫਰੰਗੀਆਂ ਲਿਆ ਸਾਡਾ, ਦੁਖ ਭੁੱਖ ਪਲੇਗ ਫੈਲਾ ਦਿਤੀ*
*ਮਰੇ ਸੈਂਕੜੇ ਵੀਰ ਬਿਨ ਮੌਤ ਆਈ, ਬਸਤੀ ਤਿੰਨ ਕਰੋੜ ਘਟਾ ਦਿਤੀ*

*ਲਾਇਆ ਮਾਮਲਾ ਟੈਕਸ ਮਸੂਲ ਬਹੁਤਾ, ਦੌਲਤ ਵਿਚ ਇੰਗਲੈਂਡ ਪੁਚਾ ਦਿਤੀ*
*ਰੋਟੀ ਕਪੜਾ ਮੂਲ ਨਾ ਮਿਲੇ ਸਾਨੂੰ, ਨੰਗ ਭੁੱਖ ਨੇ ਸ਼ਕਲ ਗਵਾ ਦਿਤੀ*

*ਲੀੜੇ ਲਾਹ ਫਰੰਗ ਨੇ ਨੰਗ ਕੀਤਾ*
*ਸਾਨੂੰ ਮਿਲੇ ਕਿਧਰੇ ਢੋਈ ਪਿਆਰ ਨਾਹੀਂ*

ਹਿੰਦੁਸਤਾਨ ਵਿਚ ਪਰਜਾ ਰਾਜ ਕਾਇਮ ਕਰਨ ਦਾ ਉਨ੍ਹਾਂ ਦਾ ਸੁਫਨਾ ਹਾਲੇ ਸਾਕਾਰ ਨਹੀਂ ਹੋਇਆ। 1947 ਦੀ ਵੰਡ ਦੇ ਬਾਅਦ ਬਸਤੀਵਾਦੀ ਨਿਜ਼ਾਮ ਬਸਤੀਵਾਦੀਆਂ ਦੇ ਬਗੈਰ ਵੀ ਚਲਦਾ ਰਿਹਾ। ਸਾਰੇ ਬਸਤੀਵਾਦੀ ਅਦਾਰੇ ਪਹਿਲਾਂ ਵਾਂਗ ਹੀ ਕਾਇਮ ਰਹੇ। ਕਿਰਤੀ ਕਿਸਾਨਾਂ ਦੀ ਲੁੱਟ ਹੋਰ ਤੇਜ਼ ਹੋ ਗਈ। ਇਸ ਹਾਲਾਤ ਦਾ ਨਿਰਨਾ ਕਰਦੇ ਹੋਏ ਬਾਬਾ ਸੋਹਣ ਸਿੰਘ ਭਕਨਾ ਨੇ 1967 ਵਿਚ ਲਿਖਿਆ ਸੀਃ

*"ਜਿਸ ਦੇਸ਼ ਵਿਚ ਚੰਦ ਲੋਕਾਂ ਨੂੰ ਛੱਡ ਕੇ ਮਿਹਨਤ ਕਰਨ ਵਾਲੇ ਕਿਰਤੀ ਤੇ ਕਿਸਾਨ, ਕੱਪੜਾ ਪੈਦਾ ਕਰਨ ਵਾਲੇ ਜੁਲਾਹੇ, ਮਹਿਲ ਉਸਾਰਨ ਵਾਲੇ ਮਜ਼ਦੂਰ, ਕੰਡਿਆਂ ਤੋਂ ਬਚਾਉਣ ਵਾਲੇ ਮੋਚੀ ਅਤੇ ਉਹਨਾਂ ਦੇ ਬੱਚੇ ਅੱਧੇ ਪੇਟ ਭੁੱਖੇ ਸੌਣ ਤੇ ਉਹਨਾਂ ਕੋਲ ਨਾ ਤਨ ਢਕਣ ਨੂੰ ਕਪੜਾ ਤੇ ਨਾ ਰਹਿਣ ਨੂੰ ਘਰ ਹੋਵੇ, ਜਿੱਥੇ ਲੱਖਾਂ ਦੇਸ਼ ਵਾਸੀ ਹਾੜ ਸਿਆਲ ਬਾਜ਼ਾਰਾਂ ਤੇ ਫੁਟਪਾਥਾਂ ਤੇ ਲੰਮੇ ਪੈ ਕੇ ਰਾਤਾਂ ਕਟਦੇ ਹੋਣ, ਤੇ ਦੂਸਰੇ ਪਾਸੇ ਧਨੀ ਲੋਕਾਂ ਦੇ ਕੁੱਤੇ ਵੀ ਸਿੱਧੇ ਮੂੰਹ ਮਾਸ ਤੇ ਹੋਰ ਪਦਾਰਥ ਨਾ ਖਾ ਸਕਦੇ ਹੋਣ, ਜਿੱਥੇ ਕੋਈ ਕਾਨੂੰਨ ਗਰੀਬ ਦੀ ਕਮਾਈ ਨੂੰ ਵੇਹਲੜ ਲੁਟੇਰਿਆਂ ਕੋਲੋਂ ਨਾ ਬਚਾ ਸਕਦਾ ਹੋਵੇ, ਜਿੱਥੇ ਜਿਸਦੀ ਲਾਠੀ ਉਸਦੀ ਭੈਂਸ ਵਾਲੀ ਕਹਾਵਤ ਕੰਮ ਕਰਦੀ ਹੋਵੇ ਕੀ ਉਥੇ ਕੋਈ ਦੇਸ਼ ਭਗਤ ਖ਼ੁਸ਼ ਰਹਿ ਸਕਦਾ ਹੈ? ਗੁਲਾਮੀ ਚਾਹੇ ਦੇਸ਼ਵਾਸੀਆਂ ਦੀ ਠੋਸੀ ਹੋਵੇ ਚਾਹੇ ਬਦੇਸ਼ੀਆਂ ਦੀ। ਆਰਥਕ ਹੋਵੇ ਭਾਂਵੇ ਰਾਜਨੈਤਿਕ, ਤੇ ਚਾਹੇ ਸਿਰਫ ਧਰਮ (ਫਿਰਕਾਪ੍ਰਸਤੀ) ਦੀ ਆੜ ਵਿਚ ਸਮਾਜਿਕ ਉਚ-ਨੀਚਤਾ ਜਾਂ ਗੁਲਾਮੀ ਪੈਦਾ ਕੀਤੀ ਜਾਵੇ। ਇਹ ਸਭ ਪਾਪਾਂ ਤੋਂ ਵੱਡਾ ਪਾਪ ਹੈ। ਮਨੁੱਖਤਾ ਨੂੰ ਕਤਲ ਕਰਨ ਨਾਲੋਂ ਵੱਡਾ ਪਾਪ ਹੋਰ ਕੀ ਹੋ ਸਕਦਾ?"*

ਹਿੰਦੁਸਤਾਨ ਦੇ ਇਨਕਲਾਬੀਆਂ ਨੇ ਹਿੰਦੁਸਤਾਨ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਬਾਬਾ ਭਕਨਾ ਦੇ ਇਨ੍ਹਾਂ ਵਿਚਾਰਾਂ ਨੂੰ ਭਰਵਾਂ ਹੁੰਗਾਰਾ ਦਿਤਾ। ਪੁਰਾਣੀ ਗਦਰ ਪਾਰਟੀ ਵਾਂਗ ਹੀ ਬਾਹਰਲੇ ਮੁਲਕਾਂ ਵਿਚ ਸਾਥੀ ਹਰਦਿਆਲ ਬੈਂਸ ਦੀ ਅਗਵਾਈ ਵਿਚ 1968 ਵਿਚ ਗਦਰ ਪਾਰਟੀ ਦੁਬਾਰਾ ਕਾਇਮ ਕੀਤੀ ਗਈ ਜਿਸਦਾ ਮੰਤਵ ਹਿੰਦੁਸਤਾਨ ਦੀ ਮੁਕਤੀ ਦੇ ਘੋਲ ਲਈ ਅਤੇ ਬਾਹਰਲੇ ਮੁਲਕਾਂ ਵਿਚ ਮਜ਼ਦੂਰ ਜਮਾਤ ਅਤੇ ਹੋਰ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਮੁਕਤੀ ਦੀ ਘੋਲਾਂ ਵਿਚ ਹਿੱਸਾ ਪਾਉਣਾ ਅਤੇ ਨਸਲਵਾਦ ਦੇ ਖ਼ਿਲਾਫ ਇਕੱਠੇ ਹੋ ਕੇ ਲੜਨਾ ਸੀ।

ਬਾਬਾ ਸੋਹਨ ਸਿੰਘ ਭਕਨਾ ਦੀ ਜ਼ਿੰਦਗੀ ਅਤੇ ਕੰਮ ਤਮਾਮ ਦੇਸ਼ ਭਗਤਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਸੁਨਹਿਰੀ ਮਿਸਾਲ ਬਣ ਕੇ ਉਨ੍ਹਾਂ ਦਾ ਰਾਹ ਰੌਸ਼ਨ ਕਰਦੇ ਰਹਿਣਗੇ। ਬਾਬਾ ਭਕਨਾ ਦਾ ਕੰਮ ਅਤੇ ਕੁਰਬਾਨੀ ਅਮਰ ਰਹਿਣਗੇ। ਉਹ ਹਰੇਕ ਦੇਸ਼ ਭਗਤ, ਅਗਾਂਹਵਧੂ ਅਤੇ ਲੋਕ ਪੱਖੀ ਵਿਅਕਤੀ ਅਤੇ ਅਦਾਰੇ ਲਈ ਉਤਸ਼ਾਹ ਅਤੇ ਪਰੇਰਣਾ ਦਾ ਸਰੋਤ ਹਨ।